ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


## ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਚੇਅਰਮੈਨ ਜਸਪ੍ਰੀਤ ਸਿੰਘ ਕਰਮਸਰ ਦਾ ਸਨਮਾਨ ਵਿਸ਼ਵ ਪੰਜਾਬੀ ਭਵਨ ਵਿਖੇ 16 ਅਕਤੂਬਰ ਨੂੰ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ, ਕਨੇਡਾ)- ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ 16 ਅਕਤੂਬਰ ਦਿਨ ਬੁੱਧਵਾਰ ਨੂੰ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ। ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ, ਬਰੈਂਪਟਨ ਵਿਖੇ ਸ਼ਾਮ 6 ਤੋਂ 8 ਵਜੇ ਤੱਕ ਹੋਣ ਵਾਲੇ ਸਾਹਿਤਕ ਸਮਾਗਮ ਵਿੱਚ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਚੇਅਰਮੈਨ ਧਰਮ ਪ੍ਰਚਾਰ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਖਾਸ ਤੌਰ ਤੇ ਸ਼ਾਮਿਲ ਹੋਣਗੇ। ਸਮਾਗਮ ਵਿੱਚ ਉਹ ਕਈ ਅਹਿਮ ਵਿਚਾਰ ਸਾਂਝੇ ਕਰਨਗੇ। ਮੰਚ ਸੰਚਾਲਨ ਦੀ ਭੂਮਿਕਾ ਪ੍ਰੋਫੈਸਰ ਜਗੀਰ ਸਿੰਘ ਕਾਹਲੋਂ ਅਤੇ ਦਰਸ਼ਨਦੀਪ ਅਰੋੜਾ ਕਰਨਗੇ। ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਅਤੇ ਉਹਨਾਂ ਦੀ ਟੀਮ ਵੱਲੋਂ ਇਸ ਸਮਾਗਮ ਵਿੱਚ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਗਿਆ।

## ਟਰੂਡੋ ਨੇ ਭਾਰਤ ’ਤੇ ਲਾਏ ਆਪਣੇ ਡਿਪਲੋਮੈਟਾਂ ਰਾਹੀਂ ਕੈਨੇਡੀਅਨਾਂ ਉਤੇ ਹਮਲੇ ਕਰਾਉਣ ਦੇ ਦੋਸ਼

ਵਾਸ਼ਿੰਗਟਨ, (ਵਿਸ਼ਵ ਪੰਜਾਬੀ ਸਾਂਝ, ਕਨੇਡਾ)- India-Canada diplomatic tensions: ਭਾਰਤ ਅਤੇ ਕੈਨੇਡਾ ਦਰਮਿਆਨ ਜਾਰੀ ਸਿਖਰਾਂ ਦੇ ਸਫ਼ਾਰਤੀ ਤਣਾਅ ਦੌਰਾਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ (Canadian Prime Minister Justin Trudeau) ਨੇ ਗੰਭੀਰ ਦੋਸ਼ ਲਾਏ ਹਨ ਕਿ ਕੈਨੇਡੀਅਨ ਨਾਗਰਿਕਾਂ ਉਤੇ ਉਨ੍ਹਾਂ ਦੇ ਆਪਣੇ ਹੀ ਮੁਲਕ ਵਿਚ ਹਮਲੇ ਕਰਨ ਲਈ ਭਾਰਤ ਵੱਲੋਂ ਆਪਣੇ ਡਿਪਲੋਮੈਟਾਂ ਅਤੇ ਜਥੇਬੰਦ ਜੁਰਮਾਂ (ਨੂੰ ਅੰਜਾਮ ਦੇਣ ਵਾਲਿਆਂ) ਦਾ ਇਸਤੇਮਾਲ ਕੀਤਾ ਜਾ ਰਿਹਾ ਹੈ ਅਤੇ ਕੈਨੇਡਾ ਦੇ ਨਾਗਰਿਕ ਆਪਣੀ ਹੀ ਧਰਤੀ ਉਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਨ੍ਹਾਂ ਨੇ ਇਸ ਨੂੰ ਨਵੀਂ ਦਿੱਲੀ ਦੀ ‘ਭਾਰੀ ਗ਼ਲਤੀ’ ਕਰਾਰ ਦਿੱਤਾ ਹੈ।



ਟਰੂਡੋ ਨੇ ਇਹ ਟਿੱਪਣੀਆਂ ਸੋਮਵਾਰ ਨੂੰ ਭਾਰਤ ਵੱਲੋਂ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਕੱਢਣ ਅਤੇ ਨਾਲ ਹੀ ਕੈਨੇਡਾ ਵਿਚਲੇ ਭਾਰਤੀ ਹਾਈ ਕਮਿਸ਼ਨਰ ਅਤੇ ‘ਨਿਸ਼ਾਨਾ ਬਣਾਏ ਗਏ’ ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਕੀਤੀਆਂ ਹਨ। ਇਸ ਦੇ ਨਾਲ ਹੀ ਭਾਰਤ ਨੇ ਕੈਨੇਡਾ ਵਿਚ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਹੋਏ ਕਤਲ ਦੀ ਜਾਂਚ ਨਾਲ ਭਾਰਤੀ ਸਫ਼ੀਰਾਂ ਦਾ ਨਾਂ ਜੋੜਦਿਆਂ ਓਟਵਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਕੈਨੇਡਾ ਨੇ ਵੀ ਛੇ ਭਾਰਤੀ ਡਿਪਲੋਮੈਟਾਂ ਨੂੰ ਮੁਲਕ ਵਿਚੋਂ ਬਰਤਰਫ਼ ਕਰ ਦਿੱਤਾ ਸੀ ਗ਼ੌਰਲਤਬ ਹੈ ਕਿ ਭਾਰਤ ਲਗਾਤਾਰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੇ ਕੈਨੇਡਾ ਦੇ ਦੋਸ਼ਾਂ ਦਾ ਜ਼ੋਰਦਾਰ ਖੰਡਨ ਕਰਦਾ ਆ ਰਿਹਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੀਤੇ ਸਾਲ ਸਤੰਬਰ ਵਿਚ ਨਿੱਝਰ ਦੇ ਕਤਲ ਕੇਸ ਵਿਚ ਭਾਰਤੀ ਏਜੰਟਾਂ ਦੀ ‘ਸੰਭਵ’ ਸ਼ਮੂਲੀਅਤ ਦੇ ਦੋਸ਼ ਲਾਏ ਸਨ, ਜਿਸ ਤੋਂ ਬਾਅਦ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਤਣਾਅ ਬਣਿਆ ਹੋਇਆ ਹੈ।

ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ (Royal Canadian Mounted Police – RCMP) ਨੇ ਬੀਤੇ ਦਿਨੀਂ ਗੰਭੀਰ ਦੋਸ਼ ਲਾਉਂਦਿਆਂ ਕਿਹਾ ਸੀ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡਾ ਵਿਚ ‘ਵੱਡੇ ਪੱਧਰ ’ਤੇ ਹਿੰਸਾ’ ਫੈਲਾਉਣ ਵਿਚ ਸ਼ਾਮਲ ਹਨ, ਜਿਸ ਤੋਂ ਬਾਅਦ ਦੋਵਾਂ ਮੁਲਕਾਂ ਦੇ ਰਿਸ਼ਤੇ ਬਦ ਤੋਂ ਬਦਤਰ ਹੋ ਗਏ। ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਦੀ ਰਿਪੋਰਟ ਮੁਤਾਬਕ ਆਰਸੀਐੱਮਪੀ ਨੇ ਕਿਹਾ ਸੀ ਕਿ ਇਸ ਨਾਲ ‘ਕੈਨੇਡਾ ਵਿਚ ਜਨਤਕ ਸੁਰੱਖਿਆ ਲਈ ਭਾਰੀ ਖ਼ਤਰਾ’ ਪੈਦਾ ਹੁੰਦਾ ਹੈ।

ਟਰੂਡੋ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ, “ਮੇਰਾ ਵਿਸ਼ਵਾਸ ਹੈ ਕਿ ਭਾਰਤ ਨੇ ਆਪਣੇ ਡਿਪਲੋਮੈਟਾਂ ਅਤੇ ਜਥੇਬੰਦ ਅਪਰਾਧੀਆਂ ਦੀ ਚੋਣ, ਕੈਨੇਡੀਅਨਾਂ ਉਤੇ ਹਮਲੇ ਕਰਨ ਅਤੇ ਉਨ੍ਹਾਂ ਨੂੰ ਇਥੇ (ਉਨ੍ਹਾਂ ਦੇ) ਘਰ ਵਿਚ ਹੀ ਅਸੁਰੱਖਿਅਤ ਮਹਿਸੂਸ ਕਰਾਉਣ, ਅਤੇ ਇੰਨਾ ਹੀ ਨਹੀਂ ਸਗੋਂ ਹਿੰਸਕ ਕਾਰਵਾਈਆਂ ਤੇ ਕਤਲ ਤੱਕ ਕਰਨ ਲਈ ਕਰ ਕੇ ਮਿਸਾਲੀ ਗ਼ਲਤੀ ਕੀਤੀ ਹੈ। ਅਜਿਹਾ ਪ੍ਰਵਾਨ ਨਹੀਂ ਕੀਤਾ ਜਾ ਸਕਦਾ।”

### ਕੈਨੇਡੀਅਨ ਪੁਲੀਸ ਨੇ ਬਿਸ਼ਨੋਈ ਗੈਂਗ ਦਾ ਵੀ ਲਿਆ ਨਾਂ

ਓਟਵਾ: ਰਾਇਲ ਕੈਨੇਡੀਅਨ ਮਾਊਂਟਿਡ ਪੁਲੀਸ ਨੇ ਇਲਾਜ਼ਾਮ ਲਾਏ ਹਨ ਕਿ ਭਾਰਤ ਸਰਕਾਰ ਦੇ ‘ਏਜੰਟਾਂ’ ਦੇ ਕੈਨੇਡਾ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਖ਼ਾਸਕਰ ‘ਖ਼ਾਲਿਸਤਾਨ ਪੱਖੀ ਅਨਸਰਾਂ’ ਉਤੇ ਹਮਲੇ ਕਰਨ ਵਾਲੇ ਬਿਸ਼ਨੋਈ ਗੈਂਗ ਨਾਲ ਸਬੰਧ ਹਨ। ਇਹ ਟਿੱਪਣੀਆਂ ਆਰਸੀਐੱਮਪੀ ਦੇ ਕਮਿਸ਼ਨਰ ਮਾਈਕ ਡੂਹੈਨ (Mike Duhene) ਅਤੇ ਉਨ੍ਹਾਂ ਦੀ ਦੂਜੇ ਨੰਬਰ ਦੀ ਅਧਿਕਾਰੀ ਬ੍ਰੀਜਿਤ ਗੌਵਿਨ (Brigitte Gauyin) ਨੇ ਸੋਮਵਾਰ ਨੂੰ ਓਟਵਾ ਵਿਚ ਇਕ ਪ੍ਰੈਸ ਕਾਨਫ਼ਰੰਸ ਦੌਰਾਨ ਕਤੀਆਂ ਹਨ।

ਉਨ੍ਹਾਂ ਦੋਸ਼ ਲਾਇਆ ਕਿਹਾ, “ਭਾਰਤ ਵੱਲੋਂ ਕੈਨੇਡਾ ਵਿਚ ਦੱਖਣੀ ਏਸ਼ਿਆਈ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਉਹ ਖ਼ਾਸ ਤੌਰ ’ਤੇ ਕੈਨੇਡਾ ਵਿਚਲੇ ਖ਼ਾਲਿਸਤਾਨ ਪੱਖੀ ਅਨਸਰਾਂ ਤੇ ਖ਼ਾਲਿਸਤਾਨੀ ਲਹਿਰ ਦੇ ਮੈਂਬਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ।” ਬੀਬੀ ਗੌਵਿਨ ਨੇ ਕਿਹਾ, “ਅਸੀਂ ਜੋ ਆਰਸੀਐੱਮਪੀ ਦੇ ਨਜ਼ਰੀਏ ਤੋਂ ਦੇਖਿਆ, ਉਹ ਇਹ ਹੈ ਕਿ ਉਹ ਜਥੇਬੰਦਕ ਜੁਰਮਾਂ ਨਾਲ ਸਬੰਧਤ ਅਨਸਰਾਂ ਦਾ ਇਸਤੇਮਾਲ ਕਰਦੇ ਹਨ।”


















# ਪੰਜਾਬ 'ਚ ਪੰਚਾਇਤੀ ਚੋਣਾਂ, 7 ਜ਼ਿਲਿਆਂ 'ਚ ਪਥਰਾਅ: ਕਈ ਲੋਕ ਜ਼ਖ਼ਮੀ, ਫਿਰੋਜ਼ਪੁਰ 'ਚ ਬੀ.ਕਾਮ ਦੀ ਵਿਦਿਆਰਥਣ ਤੇ ਪਠਾਨਕੋਟ 'ਚ ਮੰਤਰੀ ਦੀ ਪਤਨੀ ਸਰਪੰਚ ਬਣੀ



ਚੰਡੀਗੜ੍ਹ (ਵਿਸ਼ਵ ਪੰਜਾਬੀ ਸਾਂਝ, ਕਨੇਡਾ)-ਪੰਜਾਬ 'ਚ ਮੰਗਲਵਾਰ ਨੂੰ ਪੰਚਾਇਤੀ ਚੋਣਾਂ ਹੋਈਆਂ। ਇਸ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਵੋਟਿੰਗ ਹੋਈ। 50 ਫੀਸਦੀ ਤੋਂ ਵੱਧ ਵੋਟਿੰਗ ਹੋ ਚੁੱਕੀ ਹੈ, ਫ਼ਿਰੋਜ਼ਪੁਰ ਵਿੱਚ ਬੀ.ਕਾਮ ਦੀ ਇੱਕ ਵਿਦਿਆਰਥਣ ਸਰਪੰਚ ਬਣੀ ਹੈ। ਉਥੇ ਹੀ ਇੱਕ ਮੰਤਰੀ ਦੀ ਪਤਨੀ ਵੀ ਪੰਚਾਇਤੀ ਚੋਣਾਂ ਜਿੱਤੀ ਹੈ। ਸੂਬੇ ਵਿੱਚ ਕੁੱਲ 13,937 ਗ੍ਰਾਮ ਪੰਚਾਇਤਾਂ ਹਨ। ਇਨ੍ਹਾਂ 'ਤੇ ਚੋਣਾਂ ਈਵੀਐਮ ਦੀ ਬਜਾਏ ਬੈਲਟ ਪੇਪਰ ਰਾਹੀਂ ਕਰਵਾਈਆਂ ਗਈਆਂ। ਬੈਲਟ ਪੇਪਰ 'ਤੇ ਨੋਟਾ ਦਾ ਵਿਕਲਪ ਵੀ ਰੱਖਿਆ ਗਿਆ ਸੀ। ਵੋਟਿੰਗ ਦੌਰਾਨ ਪਟਿਆਲਾ, ਮੋਗਾ, ਅੰਮ੍ਰਿਤਸਰ, ਤਰਨਤਾਰਨ, ਬਠਿੰਡਾ, ਜਲੰਧਰ, ਗੁਰਦਾਸਪੁਰ ਅਤੇ ਲੁਧਿਆਣਾ ਵਿੱਚ ਵਿਵਾਦ ਹੋਇਆ।

ਜਦਕਿ ਪਟਿਆਲਾ, ਮੋਗਾ, ਅੰਮ੍ਰਿਤਸਰ, ਤਰਨਤਾਰਨ, ਬਠਿੰਡਾ ਅਤੇ ਬਰਨਾਲਾ ਵਿੱਚ ਗੋਲੀਬਾਰੀ ਦੇ ਨਾਲ-ਨਾਲ ਪਥਰਾਅ ਵੀ ਹੋਇਆ। ਇਸ ਦੇ ਨਾਲ ਹੀ ਕਪੂਰਥਲਾ 'ਚ ਪੋਲਿੰਗ ਬੂਥ 'ਤੇ ਤਲਵਾਰਾਂ ਚਲਾਈਆਂ ਗਈਆਂ। ਜਿਸ ਵਿੱਚ ਕਈ ਲੋਕ ਜ਼ਖਮੀ ਹੋ ਗਏ।

# ਜ਼ਿਮਨੀ ਚੋਣ: ਕਾਂਗਰਸ ਨੇ ਵਾਇਨਾਡ ਤੋਂ ਪ੍ਰਿਯੰਕਾ ਗਾਂਧੀ ਨੂੰ ਮੈਦਾਨ 'ਚ ਉਤਾਰਿਆ



ਨਵੀਂ ਦਿੱਲੀ, (ਵਿਸ਼ਵ ਪੰਜਾਬੀ ਸਾਂਝ, ਕਨੇਡਾ)-ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਵਾਇਨਾਡ ਲੋਕ ਸਭਾ ਹਲਕੇ ਤੋਂ ਚੋਣ ਲੜੇਗੀ। ਕਾਂਗਰਸ ਨੇ 13 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਉਨ੍ਹਾਂ ਨੂੰ ਮੈਦਾਨ ਵਿੱਚ ਉਤਾਰਿਆ ਹੈ। ਉਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਆਪਣੇ ਭਰਾ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਲਈ ਚੋਣ ਮੁਹਿਮ ਦੀ ਕਮਾਨ ਸੰਭਾਲੀ ਸੀ। ਰਾਹੁਲ ਗਾਂਧੀ ਨੇ ਵਾਇਨਾਡ (ਕੇਰਲਾ) ਅਤੇ ਰਾਇਬਰੇਲੀ (ਉੱਤਰ ਪ੍ਰਦੇਸ਼) ਸੀਟਾਂ 'ਤੇ ਜਿੱਤੀਆਂ ਸਨ। ਰਾਹੁਲ ਨੇ ਬਾਅਦ ਵਿੱਚ ਵਾਇਨਾਡ ਸੀਟ ਛੱਡਣ ਦਾ ਫ਼ੈਸਲਾ ਕੀਤਾ ਸੀ। ਚੋਣ ਕਮਿਸ਼ਨ ਨੇ ਅੱਜ ਇਸ ਹਲਕੇ 'ਤੇ 13 ਨਵੰਬਰ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਹੈ। ਪਾਰਟੀ ਦੇ ਇੱਕ ਅਧਿਕਾਰਿਤ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਵਾਇਨਾਡ ਜ਼ਿਮਨੀ ਚੋਣ ਲਈ ਪਾਰਟੀ ਉਮੀਦਵਾਰ ਵਜੋਂ ਪ੍ਰਿਯੰਕਾ ਗਾਂਧੀ ਵਾਡਰਾ ਦੇ ਨਾਮ ਦੀ ਤਜਵੀਜ਼ ਨੂੰ ਮਨਜ਼ੂਰੀ ਦੇ ਦਿੱਤੀ ਹੈ।

# 7 ਫਲਾਈਟਸ 'ਚ ਬੰਬ ਦੀ ਧਮਕੀ: 6 ਨੇ ਭਾਰਤ ਤੋਂ ਭਰੀ ਉਡਾਣ, ਦਿੱਲੀ-ਸ਼ਿਕਾਗੋ ਜਹਾਜ਼ ਕੈਨੇਡਾ ਵੱਲ ਮੋੜਿਆ; ਜੈਪੁਰ ਵਿੱਚ ਇੱਕ ਫਲਾਈਟ ਦੀ ਐਮਰਜੈਂਸੀ ਲੈਂਡਿੰਗ

ਦਿੱਲੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਮੰਗਲਵਾਰ ਨੂੰ 7 ਫਲਾਈਟਾਂ ਵਿੱਚ ਬੰਬ ਹੋਣ ਦੀ ਧਮਕੀ ਮਿਲੀ, ਜਿਸ ਵਿੱਚ ਏਅਰ ਇੰਡੀਆ ਦੀ ਦਿੱਲੀ ਤੋਂ ਸ਼ਿਕਾਗੋ ਜਾਣ ਵਾਲੀ ਫਲਾਈਟ ਵੀ ਸ਼ਾਮਲ ਸੀ। ਜਿਸ ਨੂੰ ਕੈਨੇਡਾ ਡਾਇਵਰਟ ਕਰ ਦਿੱਤਾ ਗਿਆ। ਜਹਾਜ਼ ਕੈਨੇਡਾ ਦੇ ਇਕਾਲੂਇਟ ਹਵਾਈ ਅੱਡੇ 'ਤੇ ਉਤਰਿਆ। ਇੱਥੇ ਯਾਤਰੀਆਂ ਅਤੇ ਉਨ੍ਹਾਂ ਦੇ ਸਮਾਨ ਦੀ ਜਾਂਚ ਕੀਤੀ ਗਈ। ਫਲਾਈਟ 24 ਦੇ ਰਡਾਰ ਦੇ ਅਨੁਸਾਰ, ਜਹਾਜ਼ ਨੇ ਅੱਜ ਸਵੇਰੇ 3 ਵਜੇ ਦਿੱਲੀ ਤੋਂ ਉਡਾਣ ਭਰੀ ਅਤੇ ਸ਼ਾਮ 4:30 ਵਜੇ ਸ਼ਿਕਾਗੋ ਪਹੁੰਚਣਾ ਸੀ। ਉਧਰ, ਇੰਡੀਗੋ ਦੀ ਇੱਕ ਫਲਾਈਟ ਨੂੰ ਧਮਕੀ ਮਿਲਣ ਤੋਂ ਬਾਅਦ ਉਸਨੂੰ ਵੀ ਜੈਪੁਰ ਵਿੱਚ ਐਮਰਜੈਂਸੀ ਲੈਂਡਿੰਗ ਕਰਨੀ ਪਈ।

ਦਿਨ ਭਰ ਵਿੱਚ 7 ਉਡਾਣਾਂ ਨੂੰ ਧਮਕੀ ਮਿਲਣ ਕਾਰਨ ਸੁਰੱਖਿਆ ਏਜੰਸੀਆਂ ਨੇ ਕਈ ਹਵਾਈ ਅੱਡਿਆਂ 'ਤੇ ਕਾਊਂਟਰ ਟੇਰਿਰਸਟ ਡਰਿੱਲ ਕੀਤੇ।

ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੀਆਂ ਧਮਕੀਆਂ ਇੱਕ ਹੀ ਵਿਅਕਤੀ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਭੇਜੀਆਂ ਗਈਆਂ ਸਨ। ਜਿਸ ਕਾਰਨ ਕਈ ਸੈਂਕੜੇ ਦੀ ਸੰਖਿਆ ਵਿੱਚ ਯਾਤਰੀਆਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ ਬਾਅਦ 'ਚ ਇਹ ਧਮਕੀਆਂ ਝੂਠੀਆਂ ਨਿਕਲੀਆਂ।

# ਵਿਰਸਾ ਸਿੰਘ ਵਲਟੋਹਾ ਨੇ ਖੁਦ ਛੱਡਿਆ ਅਕਾਲੀ ਦਲ, ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਸਾਹਿਬਾਨ ਨੇ ਕੱਢਣ ਦਾ ਦਿੱਤਾ ਸੀ ਫ਼ੁਰਮਾਨ

ਤਰਨਤਾਰਨ :(ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਕਾਲੀ ਦਲ ਦੇ ਸੀਨੀਅਰ ਆਗੂ ਵਿਰਸਾ ਸਿੰਘ ਵਲਟੋਹਾ ਨੇ ਅੱਜ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਤੋਂ ਬਾਅਦ ਖੁਦ ਹੀ ਸ਼ਰੋਮਣੀ ਅਕਾਲੀ ਦਲ ਛੱਡ ਦਿੱਤਾ ਹੈ। ਇਹ ਜਾਣਕਾਰੀ ਉਨ੍ਹਾਂ ਫੇਸਬੁੱਕ 'ਤੇ ਲਾਈਵ ਹੋ ਕੇ ਦਿੱਤੀ।ਜ਼ਿਕਰਯੋਗ ਹੈ ਕਿ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ



ਸਾਹਿਬ ਗਿਆਨੀ ਸੁਲਤਾਨ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਾਈ ਸੁਖਦੇਵ ਸਿੰਘ ਸ਼ਾਮਿਲ ਹੋਏ। ਪੰਜ ਸਿੰਘ ਸਾਹਿਬਾਨ ਨੇ ਵਿਰਸਾ ਸਿੰਘ ਵਲਟੋਹਾ ਦਾ ਕੇਸ ਵਿਚਾਰਿਆ ਤੇ ਸਿੰਘ ਵਲਟੋਹਾ ਨੇ ਪੇਸ਼ ਹੋ ਕੇ ਆਪਣਾ ਮਾਫੀਨਾਮਾ ਵੀ ਦਿੱਤਾ।ਦੱਸਣਯੋਗ ਕਿ ਪਿਛਲੇ ਦਿਨੀਂ ਵਿਰਸਾ ਸਿੰਘ ਵਲਟੋਹਾ ਨੇ ਜਥੇਦਾਰਾਂ ਤੇ ਬੀਜੇਪੀ ਤੇ ਆਰਐਸਐਸ ਦਾ ਦਬਾਅ ਹੋਣ ਸਬੰਧੀ ਬਿਆਨ ਦਿੱਤਾ ਸੀ ਜਿਸ 'ਤੇ ਵਿਰਸਾ ਸਿੰਘ ਵਲਟੋਹਾ ਤੋਂ ਸਪਸ਼ਟੀਕਰਨ ਮੰਗਿਆ ਗਿਆ ਸੀ। ਦੋਸ਼ ਸਾਬਿਤ ਹੋਣ 'ਤੇ ਪੰਜ ਸਿੰਘ ਸਾਹਿਬਾਨ ਨੇ ਸਖ਼ਤ ਫੈਸਲਾ ਸੁਣਾਉਂਦਿਆਂ ਜਿੱਥੇ ਅਕਾਲੀ ਦਲ ਨੂੰ ਵਿਰਸਾ ਸਿੰਘ ਵਲਟੋਹਾ ਦੀ ਮੁੱਢਲੀ ਮੈਂਬਰਸ਼ਿਪ ਅਤੇ ਸਾਰੇ ਅਹੁਦਿਆਂ ਤੋਂ 24 ਘੰਟਿਆਂ ਦੇ ਅੰਦਰ ਫਾਰਗ ਕਰਨ ਦੇ ਹੁਕਮ ਸੁਣਾਏ। ਉੱਥੇ ਹੀ ਵਿਰਸਾ ਸਿੰਘ ਵਲਟੋਹਾ 'ਤੇ 10 ਸਾਲ ਦੀ ਪਾਬੰਦੀ ਵੀ ਲਗਾਈ ਸੀ।

# ਸ਼ੋਕ ਸਮਾਚਾਰ

ਬਰਾੜ ਪ੍ਰੀਵਾਰ ਨੂੰ ਸਦਮਾ,



## ਨਹੀਂ ਰਹੇ ਮਾਸਟਰ ਬਲਵਿੰਦਰ ਸਿੰਘ ਬਰਾੜ

ਪਿੰਡ ਖੋਟੇ, ਜ਼ਿਲ੍ਹਾ ਮੋਗਾ ਵਿੱਚ ਜਨਮੇਂ ਮਾਸਟਰ ਬਲਵਿੰਦਰ ਸਿੰਘ ਇਸ ਦੁਨੀਆਂ ਤੋਂ ਅਕਾਲ ਚਲਾਣਾ ਕਰ ਗਏ ਹਨ। ਮਾਸਟਰ ਜੀ ਕਈ ਦਹਾਕਿਆਂ ਤੋਂ ਬਰੈਂਪਟਨ ਵਿੱਚ ਆਪਣੇ ਪੁੱਤਰਾਂ ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸਖਸ਼ੀਅਤ, ਰੋਇਲ ਲੀਪੇਜ ਫਲਾਵਰ ਸਿਟੀ ਦੇ ਮਾਲਕ ਨਿਰਮਲ ਸਿੰਘ ਬਰਾੜ ਅਤੇ ਗੁਰਪ੍ਰੀਤ ਸਿੰਘ ਬਰਾੜ ਨਾਲ ਰਹਿ ਰਹੇ ਸਨ।

ਮਾਸਟਰ ਜੀ ਦੇ ਸਦੀਵੀਂ ਵਿਛੋੜੇ ਨਾਲ ' ਪ੍ਰੀਵਾਰ ਨੂੰ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਮਾਸਟਰ ਜੀ ਬਰੈਂਪਟਨ ਦੀਆਂ ਸੀਨੀਅਰਜ਼ ਕਲੱਬਾਂ ਵਿੱਚ ਮੋਹਰੀ ਰੋਲ ਅਦਾ ਕਰਦੇ ਰਹੇ ਸਨ। ਉਹਨਾਂ ਨੂੰ ਅੰਤਿਮ ਵਿਦਾਇਗੀ 20 ਅਕਤੂਬਰ ਦਿਨ ਐਤਵਾਰ ਨੂੰ ਬਰੈਂਪਟਨ ਕਰੈਮੀਟੋਰੀਅਮ ਐਂਡ ਵਿਜ਼ਿਟੇਸ਼ਨ ਸੈਂਟਰ ਵਿਖੇ ਬਾਅਦ ਦੁਪਿਹਰ 3 ਤੋਂ 5 ਵਜੇ ਤੱਕ ਦਿੱਤੀ ਜਾਵੇਗੀ ਅਤੇ ਓਸੇ ਦਿਨ ਅੰਤਿਮ ਅਰਦਾਸ ਡਿਕਸੀ ਰੋਡ ਗੁਰੂਦੁਆਰਾ ਸਾਹਿਬ ਦੇ ਹਾਲ ਨੰਬਰ 5 ਵਿੱਚ ਸ਼ਾਮ 5:30 ਤੋਂ 7:30 ਵਜੇ ਤੱਕ ਹੋਵੇਗੀ। ਪ੍ਰੀਵਾਰ ਨਾਲ ਦੁੱਖ ਸਾਂਝਾ ਕਰਨ ਲਈ ਨਿਰਮਲ ਸਿੰਘ ਬਰਾੜ ਨਾਲ 416-910-9170 ਜਾਂ ਗੁਰਪ੍ਰੀਤ ਬਰਾੜ ਨਾਲ 416-433-3480 ਤੇ ਸੰਪਰਕ ਕੀਤਾ ਜਾ ਸਕਦਾ ਹੈ।












# ਕੈਨੇਡਾ ਨੇ ਭਾਰਤ ਨੂੰ ਸਬੂਤ ਮੁਹੱਈਆ ਕਰਵਾਏ ਸਨ: ਸਟੀਵਰਟ ਵੀਲ੍ਹਰ



ਨਵੀਂ ਦਿੱਲੀ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) ਭਾਰਤ ਵੱਲੋਂ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਅਤੇ ਹੋਰ ਡਿਪਲੋਮੈਟਾਂ ਨੂੰ ਵਾਪਸ ਸੱਦਣ ਦੇ ਫੈਸਲੇ ਤੋਂ ਬਾਅਦ ਕੈਨੇਡੀਅਨ ਡਿਪਲੋਮੈਟ ਸਟੀਵਰਟ ਵੀਲ੍ਹਰ ਨੇ ਦਾਅਵਾ ਕੀਤਾ ਹੈ ਕਿ ਕੈਨੇਡਾ ਨੇ ਭਾਰਤ ਸਰਕਾਰ ਨੂੰ ਨਿੱਝਰ ਦੇ ਕਤਲ ਦੇ ਮਾਮਲੇ ਵਿਚ ਸਬੂਤ ਮੁਹੱਈਆ ਕਰਵਾਏ ਸਨ। ਹੁਣ, ਭਾਰਤ ਨੂੰ ਆਪਣੇ ਕਹੇ ਅਨੁਸਾਰ ਚੱਲਣਾ ਚਾਹੀਦਾ ਹੈ ਅਤੇ ਇਨ੍ਹਾਂ ਸਾਰੇ ਦੋਸ਼ਾਂ ਦੀ ਜਾਂਚ ਕਰਨੀ ਚਾਹੀਦੀ ਹੈ। ਇਹ ਉਨ੍ਹਾਂ ਦੇ ਦੇਸ਼ ਅਤੇ ਦੇਸ਼ ਵਾਸੀਆਂ ਦੇ ਹਿੱਤ ਵਿੱਚ ਹੈ। ਇਸ ਤੋਂ ਪਹਿਲਾਂ ਭਾਰਤ ਨੇ ਕੈਨੇਡੀਅਨ ਸਫੀਰ ਨੂੰ ਅੱਜ ਸ਼ਾਮ ਤਲਬ ਕਰਦਿਆਂ ਕਿਹਾ ਸੀ ਕਿ ਭਾਰਤ ਨੂੰ ਟਰੂਡੋ ਸਰਕਾਰ 'ਤੇ ਵਿਸ਼ਵਾਸ ਨਹੀਂ ਹੈ ਕਿਉਂਕਿ ਕੈਨੇਡਾ ਸਰਕਾਰ ਵੋਟ ਰਾਜਨੀਤੀ ਤਹਿਤ ਇਹ ਸਭ ਕਰ ਰਹੀ ਹੈ।

# ਭਾਰਤ ਵੱਲੋਂ ਅਮਰੀਕਾ ਨਾਲ 'ਪ੍ਰੀਡੇਟਰ' ਡਰੋਨ ਖਰੀਦਣ ਬਾਰੇ ਸਮਝੌਤਾ




ਨਵੀਂ ਦਿੱਲੀ, (ਵਿਸ਼ਵ ਪੰਜਾਬੀ ਸਾਂਝ, ਕੈਨੇਡਾ)-ਭਾਰਤ ਨੇ ਅੱਜ ਅਮਰੀਕਾ ਨਾਲ ਇੱਕ ਵੱਡੇ ਸਮਝੌਤੇ 'ਤੇ ਦਸਤਖ਼ਤ ਕੀਤੇ ਜਿਸ ਤਹਿਤ ਵਿਦੇਸ਼ੀ ਫੌਜੀ ਵਿਕਰੀ ਮਾਰਗ ਰਾਹੀਂ ਅਮਰੀਕੀ ਰੱਖਿਆ ਖੇਤਰ ਦੀ ਅਹਿਮ ਕੰਪਨੀ 'ਜਨਰਲ ਲੌਜਿਸਟਿਕ' ਤੋਂ ਲੰਮੇ ਸਮੇਂ ਤੱਕ ਚੱਲਣ ਵਾਲੇ 31 ਪ੍ਰੀਡੇਟਰ ਡਰੋਨ ਖਰੀਦੇ ਜਾਣਗੇ। ਅਧਿਕਾਰੀਆਂ ਨੇ ਦੱਸਿਆ ਕਿ ਇਸ ਦੀ ਲਾਗਤ ਤਕਰੀਬਨ ਚਾਰ ਅਰਬ ਡਾਲਰ ਹੋਵੇਗੀ। ਇਸ ਦਾ ਮਕਸਦ ਚੀਨ ਨਾਲ ਵਿਵਾਦਤ ਸਰਹੱਦਾਂ 'ਤੇ ਭਾਰਤੀ ਸੈਨਾ ਦੀ ਜੰਗੀ ਸਮਰੱਥਾ ਵਧਾਉਣਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕੌਮੀ ਰਾਜਧਾਨੀ 'ਚ ਭਾਰਤ ਦੇ ਸਿਖਰਲੇ ਰੱਖਿਆ ਤੇ ਰਣਨੀਤਕ ਅਧਿਕਾਰੀਆਂ ਦੀ ਹਾਜ਼ਰੀ 'ਚ ਸਮਝੌਤੇ 'ਤੇ ਦਸਤਖ਼ਤ ਕੀਤੇ ਗਏ ਜੋ ਦੋਵਾਂ ਮੁਲਕਾਂ ਵਿਚਾਲੇ ਫੌਜੀ ਸਬੰਧਾਂ 'ਚ ਜ਼ਿਕਰਯੋਗ ਵਾਧੇ ਦਾ ਪ੍ਰਤੀਕ ਹੈ। ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਤੋਂ ਸਿਰਫ਼ ਕੁਝ ਹਫ਼ਤੇ ਪਹਿਲਾਂ ਡਰੋਨ ਖਰੀਦ ਦੇ ਇਸ ਸਮਝੌਤੇ ਨੂੰ ਆਖਰੀ ਰੂਪ ਦਿੱਤਾ ਗਿਆ ਹੈ। ਪਿਛਲੇ ਹਫ਼ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨੀ ਹੇਠਲੀ ਸੁਰੱਖਿਆ ਮਾਮਲਿਆਂ ਬਾਰੇ ਕੈਬਨਿਟ ਕਮੇਟੀ (ਸੀਸੀਐੱਸ) ਨੇ ਐੱਮਕਿਊ-9ਬੀ 'ਹੰਟਰ ਕਿਲਰ' ਡਰੋਨ ਦੀ ਖਰੀਦ ਨੂੰ ਮਨਜ਼ੂਰੀ ਦਿੱਤੀ ਸੀ।









# ਸਾਹਿਤਕ ਸਰਗਰਮੀਆਂ

## ਵਰਤਮਾਨ ਹਾਲਾਤਾਂ ਦੀ ਸਿਖਿਆ ਦਾਇਰ

## ਮਸ਼ਵਿਰੇ ਦਾ ਆਸ਼ੀਰਵਾਦ

### ਅਗਲਾ ਭਾਗ

ਲੇਖਕ ਨੇ ਉਦਾਹਰਣਾਂ ਸਹਿਤ ਸਮਝਾਉਂਦੇ ਹੋਏ ਕਿਹਾ: ਪੁੱਤਰ, ਵਿਦੇਸ਼ਾਂ ਵਿਚ ਭੱਜਣ ਨਾਲ ਕੁਝ ਨਹੀਂ ਹੋਣਾ। ਦੇਸ਼ ਦੇ ਨਿਜ਼ਾਮ ਬਦਲਣ ਲਈ ਨੌਜਵਾਨ ਪੀੜ੍ਹੀ ਨੂੰ ਅੱਗੇ ਆਉਣਾ ਪਊ। ਰਿਸ਼ਤਵ ਨੂੰ, ਗੰਦਗੀ ਰਾਜਨੀਤੀ ਨੂੰ ਖ਼ਤਮ ਕਰਨ ਲਈ ਵਿਦੇਸ਼ਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਬਲਕਿ ਆਪਣੇ ਦੇਸ਼ ਰਹਿ ਕੇ ਲੜਾਈ ਲੜਣੀ ਪਊ। ਮੰਨਿਆ ਕਿ ਗੁੰਡਿਆਂ ਅਤੇ ਗੰਦੇ ਸਿਆਸੀ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਕਿਸੇ ਦੀ ਪੇਸ਼ ਨਹੀਂ ਜਾਣ ਦਿੰਦੇ। ਹਰ ਮਹਿਕਮੇ ਵਿਚ ਰਿਸ਼ਵਤ ਦਾ ਬੋਲਬਾਲਾ ਹੈ, ਇਸ ਨੂੰ ਖ਼ਤਮ ਕਰਨ ਲਈ ਨੌਜਵਾਨ ਸੰਗਠਿਤ ਹੋ। ਪੜ੍ਹੇ ਲਿਖੇ ਈਮਾਨਦਾਰ ਨੌਜਵਾਨ ਸਿਆਸਤ ਵਿਚ ਕੁੱਦਣ। ਆਪਣੀਆਂ ਛੋਟੀਆਂ-ਛੋਟੀਆਂ ਇਕਾਈਆਂ ਬਣਾਉਣ ਅਤੇ ਰਿਸ਼ਵਤ, ਬੇਈਮਾਨੀ ਦੇ ਖ਼ਿਲਾਫ਼ ਡਟ ਖਿਲਾਉਣ।

"ਵੇਖ ਪੁੱਤਰ, ਰੂਸ ਵਿਚ, ਫਰਾਂਸ ਵਿਚ, ਚੀਨ ਵਿਚ, ਜਰਮਨ ਵਿਚ ਮੱਧ ਵਰਗ ਦੇ ਪੜ੍ਹੇ ਲਿਖੇ ਈਮਾਨਦਾਰ, ਦੇਸ਼ ਪ੍ਰੇਮੀ ਨੌਜਵਾਨਾਂ ਨੇ ਕ੍ਰਾਂਤੀ ਲਿਆਂਦੀ। ਇਤਿਹਾਸ ਪੜ੍ਹਕੇ ਵੇਖੋ। ਦਿਲ 'ਚੋਂ ਡਰ ਕੱਢਣ ਦੀ ਜ਼ਰੂਰਤ ਹੈ। ਗੰਦੇ ਸਿਸਟਮ ਨਾਲ ਲੜਣ ਦੀ ਜ਼ਰੂਰਤ ਹੈ। ਸਾਡਾ ਦੇਸ਼ ਵੀ ਮੱਧ ਵਰਗ ਦੇ ਨੌਜਵਾਨਾਂ ਨੇ ਕੁਰਬਾਨੀਆਂ ਦੇ ਕੇ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਇਆ। ਸਾਰਿਆਂ ਇਨਸਾਨਾਂ ਦੀ ਬਰਾਬਰੀ ਅਤੇ ਲੋਕਤੰਤਰ ਦੀ ਲੜਾਈ ਲੜਣ ਦੀ ਜ਼ਰੂਰਤ ਹੈ। ਅੱਜ ਫਰਾਂਸ ਦੀ ਕ੍ਰਾਂਤੀ ਵਰਗੇ ਸਾਡੇ ਦੇਸ਼ ਦੇ ਹਾਲਾਤ ਹਨ। ਉਥੋਂ ਦੇ ਮਜ਼ਦੂਰਾਂ ਅਤੇ ਮਿਡਲ ਵਰਗ ਦੇ ਨੌਜਵਾਨਾਂ ਨੇ ਰਾਜਾ-ਰਾਣੀ ਕਤਲ ਕਰ ਦਿੱਤਾ ਸੀ। ਬਿਲਕੁਲ ਉਹੋ ਹਾਲਾਤ ਅੱਜ ਸਾਡੇ ਦੇਸ਼ ਵਿਚ ਹਨ। ਛੋਟੀਆਂ-ਛੋਟੀਆਂ ਇਕਾਈਆਂ ਦੇ ਸਮੂਹਿਕ ਅੰਦੋਲਨ ਨਾਲ ਹੀ ਪਰਿਵਰਤਨ ਆ ਸਕਦਾ ਹੈ। ਇਸ ਕਾਰਜ ਲਈ ਕਈ ਸਾਲ ਲੱਗ ਜਾਂਦੇ ਹਨ। ਲੋਕਾਂ ਦੀ ਸੋਚ ਬਦਲਣ ਲਈ ਚੰਗੀਆਂ ਅਖ਼ਬਾਰਾਂ, ਚੰਗੇ ਮੈਗਜ਼ੀਨ, ਹਰ ਤਰ੍ਹਾਂ ਦੇ ਮੀਡੀਆ ਨੂੰ ਅੱਗੇ ਆਉਣ ਦੀ ਜ਼ਰੂਰਤ ਹੈ। ਉਸਾਰੂ ਦੇਸ਼ਪਰਕ, ਸਾਕਾਰਤਮਿਕ ਸੋਚ ਪੈਦਾ ਕਰਨ ਦੀ ਲੋੜ ਹੈ। ਸਚਾਈ ਨੂੰ ਲੇਖਣ ਦੇ ਜ਼ਰੀਏ ਲੋਕਾਂ ਤਕ ਪੁੱਜਦਾ ਕੀਤਾ ਜਾਵੇ।

ਵੇਖ ਪੁੱਤਰ, ਪੈਲੀ ਬੈਂਕ ਵਿਚ ਰਖਕੇ ਪਿਓ ਨੂੰ ਕਰਜ਼ੇ ਦੇ ਭਾਰ ਹੇਠਾਂ ਦੱਬ ਕੇ ਬਾਹਰ ਜਾਵੇਗਾ ਕਿਹੜੀ ਕੋਈ ਵਧੀਆ ਗੱਲ ਹੈ। ਜਿੰਨੇ ਪੈਸੇ ਤੂੰ ਬਾਹਰ ਜਾਣ ਲਈ ਬਰਬਾਦ ਕਰਨੇ ਹਨ ਓਨੇ ਪੈਸਿਆਂ ਵਿਚ ਇੱਥੇ ਵੀ ਬਿਜਨੈਸ ਹੋ ਸਕਦਾ ਏ। ਮੇਰੀ ਮੰਨੇਂ ਤਾਂ ਤੂੰ ਜ਼ਿਮੀਦਾਰ ਪੁੱਤਰ ਏਂ, ਟਰੈਕਟਰ ਚਲਾ ਲੈਂਦਾ ਏਂ। ਕੀ ਤੂੰ ਟਰੱਕ ਨਹੀਂ ਚਲਾ ਸਕਦਾ? ਏਨੇਂ ਰੁਪਈਆਂ ਵਿਚ ਤਾਂ ਵਧੀਆ ਟਰੱਕ ਆ ਸਕਦਾ ਏ। ਇੱਥੋਂ ਤੱਕ ਕਿ ਅੱਧੇ ਰੁਪਈਆਂ ਵਿਚ ਟਰੱਕ ਆ ਜਾਵੇਗਾ। ਤੂੰ ਚੁੱਪ ਕਰਕੇ ਮੇਰਾ ਪੁੱਤ ਟਰੱਕ ਪਾ ਲੈ। ਜ਼ਿਮੀਦਾਰਾਂ ਦਾ ਮਿਹਨਤੀ ਪੁੱਤਰ ਏਂ। ਹੱਟਾ-ਕੱਟਾ ਏਂ। ਕਿਉਂ ਘਬਰਾਉਂਦਾ ਏਂ? ਤੇਰੇ ਲਈ ਇਹ ਮੁਸ਼ਕਿਲ ਕੰਮ ਨਹੀਂ। ਏਨੇ ਕੁ ਰੁਪਈਏ ਤਾਂ ਤੇਰੇ ਪਿਓ ਕੋਲ ਹੋਣਗੇ ਹੀ, ਜਿਸਦਾ ਟਰੱਕ ਆਸਾਨੀ ਨਾਲ ਆ ਜਾਵੇਗਾ। ਕੁਝ ਏਧਰੋਂ-ਓਧਰੋਂ ਫੜ ਲਿਓ। ਕਿਉਂ ਪਿਓ ਨੂੰ ਕਰਜ਼ੇ ਦੇ ਭਾਰ ਨਾਲ ਜੀਉਂਦੇ ਜੀ ਮਾਰਨ ਲੱਗਾ ਏਂ। ਕਿਸਾਨ ਲਈ ਜ਼ਮੀਨ ਤਾਂ ਮਾਂ ਵਰਗੀ ਹੁੰਦੀ ਏ, ਜਿਸ ਦੇ ਆਸ਼ੀਰਵਾਦ ਨਾਲ ਸ਼ੁਭਕਾਮਨਾਵਾਂ ਲਾਲ ਘਰ ਵਿਚ ਬਰਕਤਾਂ ਹੀ ਬਰਕਤਾਂ ਹੁੰਦੀਆਂ ਹਨ। ਕਿਸਾਨ ਦੀ ਜ਼ਮੀਨ ਤਾਂ ਉਸਦਾ ਸੱਚਾ-ਸੁੱਚਾ ਕੀਮਤੀ ਗਹਿਣਾ ਹੁੰਦਾ ਹੈ ਜੋ ਬਜ਼ੁਰਗਾਂ ਦੀ ਨਿਸ਼ਾਨੀ ਹੁੰਦੀ ਹੈ। ਪੀੜ੍ਹੀ ਦਰ ਪੀੜ੍ਹੀ ਇਸ ਮਾਂ ਦਾ ਅਸ਼ੀਰਵਾਦ ਮਿਲਦਾ ਹੈ। ਪੁੱਤਰ, ਤੂੰ ਆਪਣੇ ਪਿਓ ਨੂੰ ਤਰਸਾ-ਤਰਸਾ ਕੇ ਨਾ ਮਾਰੀਂ। ਮੇਰੀ ਗੱਲ ਮੰਨ ਤੇ ਚੁੱਪ ਕਰਕੇ ਟਰੱਕ ਲੈ ਲੈ" I"ਅੰਕਲ, ਮੈਂ ਤੁਹਾਡੀ ਹਰ ਗੱਲ ਨਾਲ ਸਹਿਮਤ ਹਾਂ ਪਰ ਇਸ ਸਾਰੇ ਪ੍ਰੋਸੈਸ 'ਚੋਂ ਨਿਕਲਣ ਲਈ ਰਿਸ਼ਵਤ ਤਾਂ ਦੇਣੀ ਹੀ ਪਵੇਗੀ ਓਦਾਂ ਕਿੱਦਾਂ ਟਰੱਕ ਮਿਲ ਜਾਊ। ਇਹ ਟਰੱਕ-ਟਰੁਕ ਤਾਂ ਰਾਜਨੀਤਕ ਪੈਸੇ ਵਾਲੇ ਲੋਕਾਂ ਦੀ ਖੇਡ ਹੈ।" "ਪੁੱਤਰ, ਘਬਰਾਉਣ ਦੀ ਕੋਈ ਲੋੜ ਨਹੀਂ। ਉਹ ਸਾਰਾ ਕੁਝ ਪਤਾ ਲੱਗ ਜਾਊ ਜਦੋਂ ਤੂੰ ਕੋਸ਼ਿਸ਼ ਕਰੇਂਗਾ। ਰਿਸ਼ਵਤ ਦੇਣੀਂ ਪਊ ਤਾਂ ਦੇ ਦੇਵੀਂ, ਹੋਰ ਕੀ ਕੀਤਾ ਜਾ ਸਕਦਾ ਹੈ।

ਕੰਮ-ਜ-ਕੰਮ ਤੈਨੂੰ ਇਹ ਤਾਂ ਪਤਾ ਲੱਗ ਜਾਵੇਗਾ ਕਿ ਦੇਸ਼ ਵਿਚ ਕਿਰ ਤਰ੍ਹਾਂ ਮਜ਼ਬੂਰ ਹੋ ਕੇ ਰਿਸ਼ਵਤ ਦੇਣੀ ਪੈਂਦੀ ਹੈ। ਨੌਜਵਾਨ ਪੀੜ੍ਹੀ ਨੂੰ ਵੀ ਤਾਂ ਪਤਾ ਲੱਗੇ ਕਿ ਕਿੱਥੇ-ਕਿੱਥੇ, ਕਿਸ ਤਰ੍ਹਾਂ, ਕਿੱਦਾਂ, ਕਿਵੇਂ ਰਿਸ਼ਵਤ ਦੇਣੀ ਪੈਂਦੀ ਹੈ। ਇਹ ਤਜ਼ੁਰਬਾ ਵੀ ਨੌਜਵਾਨਾਂ ਲਈ ਜ਼ਰੂਰੀ

ਹੈ। ਪੁੱਤਰ, ਜੰਗਲ ਮੇ ਨਾਚਾ ਮੋਰ ਕਿਸ ਨੇ ਦੇਖਾ। ਆਪਣਾ ਹੁਨਰ ਪੇਸ਼ ਕਰੋਗੇ ਤਾਂ ਪਤਾ ਲੱਗੇਗਾ। ਜ਼ਰੂਰਤ ਕਾਢ ਦੀ ਮਾਂ ਹੈ ਪੁੱਤਰ। ਹਿੰਮਤ ਨਾ ਹਾਰੋ ਤੇ ਮਕਸਦ ਲਈ ਉਠ ਖਲੋਵੋ, ਤੁਹਾਡੀ ਜਿੱਤ ਹੋਵੇਗੀ।"

ਰਾਜਿੰਦਰ ਨੇ ਮਨ-ਮਸਤਕ ਵਿਚ ਇਕ ਸ਼ਕਤੀ ਪ੍ਰਵੇਸ਼ ਕਰ ਗਈ। ਇਕ ਹਿੰਮਤ ਉਸਦੇ ਜਜ਼ਬੇ ਵਿਚ ਤੈਰਾਨ ਲੱਗੀ। ਭਵਿੱਖ ਦੇ ਖ਼ੂਬਸੂਰਤ ਖਿਆਲ ਉਸਦੇ ਮਨ-ਮਸਤਕ ਵਿਚ ਘੁੰਮਣਘੇਰੀ ਵਾਂਗੂ ਘੁੰਮਣ ਲੱਗੇ ਜਿਵੇਂ ਉਸਨੂੰ ਅਹਿਸਾਸ ਹੋ ਰਿਹਾ ਹੋਵੇ ਕਿ ਉਹ ਕੁਝ ਕਰ ਸਕਦਾ ਹੈ। ਉਹ ਸੋਚਣ ਲੱਗਾ ਬਾਹਰ (ਵਿਦੇਸ਼) ਜਾਣ ਲਈ ਏਜੰਟ ਨੂੰ ਵੀ ਕਿੰਨੀ ਸਾਰੀ ਰਿਸ਼ਵਤ ਦੇਣੀ ਪੈਣੀ ਸੀ। ਬਸ, ਉਸਨੇ ਪੂਰਾ ਮਨ ਬਣਾ ਲਿਆ। ਉਦਮ ਤੇ ਹਿੰਮਤ ਦੀ ਇਕ ਰੋਸ਼ਨੀ ਉਸਦੇ ਹਿਰਦੇ ਵਿਚ ਟਿਮਟਿਮਾਉਣ ਲੱਗੀ ਆਖਿਰ ਰਾਜ ਸਿੰਘ ਨੇ ਵੀ ਪੁੱਤਰ ਨੂੰ ਸਮਝਾਇਆ ਕਿ ਲੇਖਕ ਭਾਈ ਸਾਹਿਬ ਬਿਲਕੁਲ ਸਹੀ ਕਹਿੰਦੇ ਨੇ। ਵੇਖ ਪੁੱਤਰ, ਮਾਂ-ਪਿਓ ਦੀਆ ਅੱਖਾਂ ਦੇ ਸਾਹਮਣੇ ਰਵੇਗਾ, ਕਲੇਜੇ ਠੰਢ ਪੈਂਦੀ ਰਹੂ।

ਰਾਜਿੰਦਰ ਨੇ ਕੁਝ ਪਲ ਲਈ ਸੋਚਿਆ ਤੇ ਮਨ ਬਣਾ ਲਿਆ ਕਿ ਬਾਹਰ (ਵਿਦੇਸ਼) ਨਹੀਂ ਜਾਵੇਗਾ। ਟਰੱਕ ਪਾ ਲਵੇਗਾ ਉਨ੍ਹਾਂ ਦੋਵਾਂ ਪਿਓ-ਪੁੱਤਰ ਨੇ ਨੇਕ-ਮਸ਼ਵਿਰੇ ਲਈ ਲੇਖਕ ਦਾ ਧੰਨਵਾਦ ਕੀਤਾ ਤੇ ਦੋਵੇਂ ਜਣੇਂ ਪਿੰਡ ਨੂੰ ਹੋ ਤੁਰੇ। ਘਰ ਜਾ ਕੇ ਰਾਜਿੰਦਰ ਨੇ ਮਾਂ ਨੂੰ

ਸਾਰੀ ਗੱਲ ਦੱਸੀ। ਉਹ ਵੀ ਖੁਸ਼ ਹੋ ਗਈ। ਪੁੱਤ ਦੇ ਸਿਰ ਤੋਂ ਵਾਰੇ-ਘੋਲੀ ਜਾਣ ਲੱਗੀ। ਅਸੀਸਾਂ ਦਿੰਦੀ ਨਾ ਥੱਕਦੀ। ਕੁਝ ਮਹੀਨਿਆਂ ਵਿਚ ਹੀ ਨੱਠ-ਭੱਜ ਕਰਕੇ ਰਾਜਿੰਦਰ ਨੇ ਲੋਨ (ਕਰਜ਼ੇ) ਤੋਂ ਬਗੈਰ ਹੀ ਟਰੱਕ ਲੈ ਲਿਆ ਸੀ। ਪਿੰਡ ਤੋਂ ਥੋੜ੍ਹੀ ਦੂਰ ਬਾਹਰਵਾਰ ਇਕ ਸ਼ੈਲਰ ਸੀ। ਉਸਦਾ ਮਾਲਿਕ ਰਾਜ ਸਿੰਘ ਦਾ ਦੋਸਤ ਸੀ। ਸ਼ੈਲਰ ਮਾਲਿਕ ਨੂੰ ਸਾਰੀ ਗੱਲ ਦੱਸੀ। ਉਸਨੇ ਖੁਸ਼ੀ-ਖੁਸ਼ੀ ਕਿਹਾ, "ਤੁਸੀਂ ਆਪਣਾ ਟਰੱਕ ਸਾਡੇ ਸ਼ੈਲਰ ਨਾਲ ਲਗਾ ਲਓ।" ਟਰੱਕ ਸ਼ੈਲਰ ਨਾਲ ਲਗਾ ਲਿਆ ਗਿਆ, ਆਨਾਜ ਦੀ ਢੋਆ-ਢੋਆਈ ਲਈ।

ਸਾਲ ਦੇ ਵਿਚ ਹੀ ਚੰਗੀ ਆਮਦਨ ਆਉਣੀ ਸ਼ੁਰੂ ਹੋ ਗਈ। ਕੁਝ ਸਾਲ ਬੀਤ ਗਏ।

ਇਕ ਦਿਨ ਅਚਾਨਕ ਲੇਖਕ ਬਾਜ਼ਾਰ ਜਾ ਰਿਹਾ ਸੀ, ਰਸਤੇ ਵਿਚ ਆਉਂਦੀ ਇਕ ਚਮਚਮਾਂਦੀ ਖ਼ੂਬਸੂਰਤ ਕਾਰ ਉਸਦੇ ਨੇੜੇ ਆ ਕੇ ਰੁਕ ਗਈ। ਉਸ ਕਾਰ ਵਿਚੋਂ ਇਕ ਜਵਾਨ ਤੰਦਰੁਸਤ ਖ਼ੂਬਸੂਰਤ ਲੜਕਾ ਅਤੇ ਉਸਦੀ ਖ਼ੂਬਸੂਰਤ ਲੰਮਸਲੰਮੀ ਪਤਨੀ ਅਤੇ ਨਾਲ ਇਕ ਤਿੰਨ ਕੁ ਸਾਲ ਦਾ ਬੱਚਾ ਉਤਰੇ ਅਤੇ ਲੇਖਕ ਨੂੰ ਰੁਕਣ ਦਾ ਇਸ਼ਾਰਾ ਕੀਤਾ।

ਲੇਖਕ ਜਗਿਆਸਮਈ ਮੁਦਰਾ 'ਚ ਰੁਕ ਗਿਆ। ਉਹ ਲੇਖਕ ਦੇ ਨੇੜੇ ਆਏ ਅਤੇ ਉਨ੍ਹਾਂ ਨੇ ਲੇਖਕ ਦੇ ਪੈਰੀਂ ਹੱਥ ਲਗਾ ਕੇ ਆਸ਼ੀਰਵਾਦ ਲਿਆ। ਲੇਖਕ ਨੇ ਆਸ਼ੀਰਵਾਦ ਦਿੰਦੇ ਹੋਏ ਕਿਹਾ, "ਜੀਉਂਦੇ ਰਹੋ, ਯੁਗ-ਯੁਗ ਜੀਵੋ, ਜੀਉਂਦੇ ਵਸਦੇ ਰਹੋ, ਲੰਬੀਆਂ ਉਮਰਾਂ ਹੋਵਣ।" ਅਤੇ ਫਿਰ ਜਗਿਆਸਾਮਈ ਭਾਵ ਨਾਲ ਪੁੱਛਣ ਲੱਗਾ," ਪੁੱਤਰ, ਮੈਂ ਤੁਹਾਨੂੰ ਪਹਿਚਾਣਿਆਂ ਨਈ ਏ?"

ਉਸ ਲੜਕੇ ਨੇ ਬੁੱਲ੍ਹਾਂ 'ਚੋਂ ਨਿੱਕਾ-ਨਿੱਕਾ ਮੁਸਕਰਾਂਦੇ ਹੋਏ, ਚਿਹਰੇ 'ਤੇ ਆਈ ਰੌਣਕ ਨੂੰ ਬਿਖੇਰਦੇ ਹੋਏ ਕਿਹਾ, "ਅੰਕਲ, ਤੁਸੀਂ ਮੈਨੂੰ ਨਹੀਂ ਪਹਿਚਾਣਿਆਂ?"

ਲੇਖਕ ਨੇ ਗਹੁ ਭਰੀ ਨਜ਼ਰ ਨਾਲ ਐਨਕਾਂ 'ਚੋਂ ਝਾਕਦੇ ਹੋਏ ਕਿਹਾ, "ਪੁੱਤਰ, ਮੈਂ ਨਹੀਂ ਪਹਿਚਾਣਿਆਂ।"

ਉਸ ਲੜਕੇ ਨੇ ਅਤੀਤ ਸੰਭਾਲਦੇ ਹੋਏ ਕਿਹਾ, "ਅੰਕਲ, ਮੈਂ ਸਰਦਾਰ ਰਾਜ ਸਿੰਘ ਜੀ ਦਾ ਪੁੱਤਰ ਹਾਂ, ਰਾਜਿੰਦਰ ਸਿੰਘ।"

"ਓਹ,..ਹੋ..ਯਾਰ, ਤੂੰ ਤੇ ਬੜਾ ਖ਼ੂਬਸੂਰਤ ਨਿਕਲਿਆ ਏਂ, ਬੜੀ ਰੌਣਕ ਏ ਚਿਹਰੇ 'ਤੇ, ਯਾਰ, ਤੇਰਾ ਤਾਂ ਟੌਹਰ ਹੀ ਬੜਾ ਏ। ਤੇਰੇ ਵਿਚ ਤਾਂ ਪਹਿਲਾਂ ਨਾਲੋਂ ਜ਼ਮੀਨ ਆਸਮਾਨ ਦਾ ਫ਼ਰਕ ਏ ਪੁੱਤਰ। ਕਮਾਲ ਕਰ ਦਿਤੀ ਓ। ਓਦੋਂ ਤੂੰ ਸਿਰ 'ਤੇ ਪਟਕਾ ਜ਼ਿਆਦਾ ਬੰਨਦਾ ਸੀ ਪਰ ਹੁਣ ਤਾਂ ਸੋਹਣੀ ਦਸਤਾਰ ਬੰਨੀ ਹੋਈ ਏ, ਕਮਾਲ ਆ ਬਈ। ਕਾਫ਼ੀ ਮੋਟਾ ਹੋ ਗਿਆ ਏਂ। ਹੋਰ ਸੁਣਾ ਮੰਮੀ ਡੈਡੀ ਦਾ ਕੀ ਹਾਲ ਏ? ਕਾਰੋਬਾਰ ਦੀ ਸੁਣਾ। ਕਈਆਂ ਸਾਲਾਂ ਬਾਅਦ ਮਿਲਿਆ ਏਂ। ਡੈਡੀ ਤੇਰੇ ਵੀ ਕਦੀ ਨਹੀਂ ਮਿਲੇ।"

"ਅੰਕਲ ਜੀ, ਉਹ ਵੀ ਮੇਰੇ ਕਾਰੋਬਾਰ ਵਿਚ ਰੁਝ ਗਏ ਨੇ। ਸਿਰ ਖੁਰਕਣ ਦੀ ਵਿਹਲ ਨਹੀਂ ਮਿਲਦੀ ਅੰਕਲ ਜੀ। ਇਹ ਮੇਰੀ ਵਾਈਫ ਏ ਤੇ ਇਹ ਮੇਰਾ ਲੜਕਾ ਏ।"

"ਯਾਰ, ਤੂੰ ਸ਼ਾਦੀ 'ਤੇ ਸੱਦਿਆ ਹੀ ਨਹੀਂ।"

"ਅੰਕਲ, ਸਿੰਪਲ ਸ਼ਾਦੀ ਕੀਤੀ ਏ। ਚੁੰਨੀ ਚੜ੍ਹਾਅ ਹੀ ਕਰ ਲਿਆ ਸੀ। ਤੁਹਾਨੂੰ ਘਰ ਜ਼ਰੂਰ ਬੁਲਾਉਣਾ ਏਂ ਅੰਕਲ ਜੀ।"

"ਸੁਣਾ ਹੋਰ ਕਾਰੋਬਾਰ ਕਿਵੇਂ?"

"ਸਭ ਠੀਕ ਹੈ ਅੰਕਲ ਜੀ। ਹੁਣ ਮੇਰੇ ਕੋਲ ਦੋ ਟਰੱਕ ਹਨ। ਇਹ ਮੇਰੀ ਪਤਨੀ ਇਕ ਸਕੂਲ ਵਿਚ ਲੈਕਚਰਾਰ ਲੱਗੀ ਹੋਈ ਹੈ। ਪਰਮਾਤਮਾ ਦੀ ਬੜੀ ਕਿਰਪਾ ਏ ਅੰਕਲ ਜੀ। ਇਕ ਡਰਾਈਵਰ ਵੀ ਰੱਖਿਆ ਹੋਇਆ ਏ। ਇਕ ਟਰੱਕ ਮੈਂ ਚਲਾਉਂਦਾ ਹਾਂ ਅਤੇ ਦੂਸਰਾ ਡਰਾਈਵਰ ਚਲਾਉਂਦਾ ਹੈ। ਟਰੱਕ ਯੂਨੀਅਨ ਦਾ ਪ੍ਰਧਾਨ ਵੀ ਹਾਂ ਮੈਂ। ਅੰਕਲ ਨਵਾਂ ਘਰ ਬਣਾ ਲਿਆ ਏ। ਕੁਝ ਪੈਲੀ ਵੀ ਖ਼ਰੀਦੀ ਏ। ਵਾਹਿਗੁਰੂ ਦੀ ਬੜੀ ਕਿਰਪਾ ਏ ਅੰਕਲ। ਅੰਕਲ ਸਭ ਤੁਹਾਡੇ ਨੇਕ ਮਸ਼ਵਿਰੇ ਦਾ ਆਸ਼ੀਰਵਾਦ ਹੈ।"

(ਸਮਾਪਤ)

ਬਲਵਿੰਦਰ ਬਾਲਮ
ਗੁਰਦਾਸਪੁਰ
98156-25409

## ਪੰਜਾਬੀ ਕਵਿਤਾਵਾਂ

### ਬਸਤਾ ਭਾਰਾ

ਚੱਪਾ-ਚੱਪਾ ਧਰਤੀ ਵਾਲਾ ਵੇਚ ਦਿੱਤਾ ਸਾਰਾ,
ਵੇਚ ਵੱਟ ਕੇ ਖਾ ਗਏ ਕਰਿਆ ਪੁੱਠਾ ਕਾਰਾ।
ਆਪਣੇ ਆਪੇ ਤੋਂ ਬਾਹਰ ਸਭ ਕੁੱਝ ਹੋਇਆ,
ਮੁੱਕੀ ਸਹਿਣ-ਸ਼ਕਤੀ ਚੜ੍ਹੇ ਗੁੱਸੇ ਦਾ ਪਾਰਾ।
ਸਹਿਮ ਦੇ ਕਾਰਨ ਕਦਮ ਨਾ ਅੱਗੇ ਤੁਰਦੇ,
ਬੱਝਿਆ ਹੋਵੇ ਜਿਵੇਂ ਪੈਰ ਨੂੰ ਪਰਬਤ ਭਾਰਾ।
ਮਿਹਨਤ ਬਿਨਾਂ ਹਰ ਕੋਈ ਚਾਹੇ ਚਮਕਣਾ,
ਚਮਕੇ ਜਿਵੇਂ ਅੰਬਰ ਦੇ ਵਿੱਚ ਚੜ੍ਹਦਾ ਤਾਰਾ।
ਹਰ ਇੱਕ ਰੁੱਖ ਦੀ ਆਖਰ ਇੱਕੋ ਹੀ ਹੋਣੀ,
ਮੁਕੱਦਰਾਂ ਵਿੱਚ ਲਿਖਿਆ ਹਰ ਵਾਰ ਆਰਾ।
ਦੂਸ਼ਿਤ ਹੋਇਆ ਪਾਣੀ ਨਦੀਆਂ ਨਹਿਰਾਂ ਦਾ,
ਡੂੰਘੇ ਪੱਤਣ ਵਾਲਾ ਵੀ ਹੋਇਆ ਪਾਣੀ ਖਾਰਾ।
ਇੱਧਰ-ਉੱਧਰ ਦੀਆਂ ਮਾਰ ਕੇ ਲੰਘ ਗਿਆ,
ਕੰਮ ਨਾ ਆਇਆ ਤੁਰ ਗਿਆ ਲਾ ਕੇ ਲਾਰਾ।
ਘਰ-ਘਰ ਦੇ ਵਿੱਚ ਨਸ਼ਾ ਹੈ ਪਸਰ ਗਿਆ,
ਔਖਾ ਹੋ ਗਿਆ ਜੰਮਣਾ ਪਹਿਲਵਾਨ ਦਾਰਾ।
ਜਾਣਕਾਰੀ ਦੇ ਪੱਖੋਂ ਨੇ ਅੱਜ ਜੁਆਕ ਖੋਖਲੇ,
'ਦੇਵ' ਉਂਜ ਚੁੱਕੀਂ ਫਿਰਦੇ ਨੇ ਬਸਤਾ ਭਾਰਾ।



ਲੈਕਚਰਾਰ ਦਵਿੰਦਰ ਪਾਲ

## ਪੰਜਾਬੀ ਕਵਿਤਾ

### ਧੀਆਂ ਆਲਾ ਪਿਆਰ

ਮੈਨੂੰ ਨਹੀਂ ਚਾਹੀਦਾ ਪੁੱਤਰਾਂ ਵਰਗਾ ਪਿਆਰ
ਮੈਨੂੰ ਨਹੀਂ ਚਾਹੀਦਾ ਉਨ੍ਹਾਂ ਵਰਗਾ ਸਤਿਕਾਰ

ਧੀਆਂ ਦੀ ਹੁੰਦੀ ਹੈ ਅਪਣੀ ਵਖਰੀ ਪਛਾਣ
ਉਸਦੇ ਹੁੰਦੇ ਨੇ ਅਪਣੇ ਕੁਝ ਸੁਪਨੇ ਤੇ ਵਿਚਾਰ

ਫਰੋਲੋ ਕਦੇ ਉਨ੍ਹਾਂ ਦਾ ਦਿਲ ਟਟੋਲੋ ਉਸਦਾ ਮਨ
ਖੁਲੇ ਦਿਲ ਨਾਲ ਕਰੋ ਉਸਦੀ ਹੋਂਦ ਨੂੰ ਸਵੀਕਾਰ

ਹੌਂਸਲਾ ਨਹੀਂ ਦੇ ਸਕਦੇ ਉਡਨ ਦਾ ਤਾਂ ਨਾ ਦੇਵੋ
ਬਸ ਉਸਦੇ ਖੰਭ ਕੱਟ ਨਾ ਕਰੋ ਉਸਨੂੰ ਲਾਚਾਰ

ਵਕਤ ਪੈਣ ਤੇ ਸਾਂਭ ਲੈਂਦਿਆਂ ਨੇ ਦੋ ਘਰਾਂ ਨੂੰ
ਨੀਲਮ ਆਖੇ ਧੀਆਂ ਨੂੰ ਦੇਵੋ ਧੀਆਂ ਆਲਾ ਪਿਆਰ

ਨੀਲਮ ਨਾਰੰਗ
90344-22845

### ਤੇਰੇ ਤੱਕ ਆਉਂਦੇ ਰਾਹਾਂ ਤੇ ਚੱਲਦਿਆਂ

ਤੇਰੇ ਤੱਕ ਆਉਂਦੇ ਰਾਹਾਂ ਤੇ ਚੱਲਦਿਆਂ, ਮੈਂ ਵਗਦੇ ਝਨਾਂ ਤੋਂ ਟਿੱਬਿਆ ਦਾ ਰੇਤ ਹੋ ਗਈ।
ਕਦੇਂ ਠੰਡੀ ਪੌਣ ਸੀ ਵਾਂਗ ਪਰਛਾਵਿਆਂ ਦੇ, ਹੁਣ ਤੱਤੀ ਆਂ

ਹਵਾਵਾਂ ਦਾ ਸੇਕ ਹੋ ਗਈ।
ਤੇਰੇ ਸਬਨਮੀ ਲਬਾਂ ਤੇ ਜਦ ਮੇਰਾ ਨਾਅ ਆਇਆ, ਮੈ ਅਰਥ ਭਰਪੂਰ ਤੇ ਧੁਰ ਅੰਦਰੋਂ ਸੰਖੇਪ ਹੋ ਗਈ।

ਵਾਂਗ ਸ਼ੀਸ਼ੇ ਤੱਕਿਆਂ ਜਦ ਤੂੰ ਸਾਹਵੇ ਹੋ ਕੇ, ਮੈਂ ਮੁੱਖੜੇ ਦੀ ਲਾਲੀ ਤੇ ਨੈਣਾਂ ਦੀ ਝੇਫ਼ ਹੋ ਗਈ।

ਜਰਨੇ ਲਈ ਤੇਰੇ ਹਰ ਦੁੱਖ ਸੁੱਖ ਨੂੰ, ਮੈਂ ਤੇਰੇ ਅੱਲੇ ਹਰੇ ਜ਼ਖਮਾ ਤੇ ਮਰਹਮ ਦਾ ਲੇਪ ਹੋ ਗਈ।

ਤੂੰ ਤਪਦੇ ਸੀ ਨੇ ਦਾ ਮਗਦਾ ਲਫ਼ਜ ਹੈ, ਛੁਪਾਉਣ ਲਈ ਹਾ ਲ ਤੇਰਾ ਤੇਰੇ ਲਫ਼ਜ ਦਾ ਗਹਿ ਰਾ ਭੇਦ ਹੋ ਗਈ

ਜੁਦਾ ਹਾਂ ਤੈਥੋਂ ਕੋਈ ਤੱਕੇ ਨਾ ਇਹ ਦਾਸਤਾ , ਤੇਰੀ ਹਿਫ਼ਾਜਤ ਲਈ ਕਬਰ ਦੀ ਰੂਹ ਵਾਂਗ ਅਣਦੇਖ ਹੋ ਗਈ

ਮਨਪ੍ਰੀਤ ਕੌਰ ਬੇਦੀ
98557-79960

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# BRAMPTON CASH AND CARRY

WHOLESALER | IMPORTER
DISTRIBUTOR | RETAILER

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਨਟਾਰੀਓ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS



GRAND OPENING

BRAMPTON CASH AND CARRY

18 | 19 | 20
OCTOBER, 2024

OPEN EVERYDAY FROM
9:00 AM TO 9:00 PM

CONTACT
+1 (204) 560-7111
ADDRESS:-
1315 INKSTER BLVD, WINNIPEG MB

BRAMPTON CASH & CARRY
IMPORTER | WHOLESALER | RETAILER

AASHIRVAAD
AASHIRVAAD ATTA

Weight
20 Pond




Price
$12.99


BRAMPTON CASH & CARRY

I am Sorry !!!!!

BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800


AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA


MS INSURANCE
Secure your trust & life
RAJAT GUPTA
INSURANCE ADVISOR
416-427-8585
www.ms-insurance.ca
rajatgupta2299@gmail.com
Unit 27-90 Eastern Ave, Brampton, ON, L6W 1X9


INSURANCE BENEFITS
visa
➤ SUPER VISA
➤ VISITOR VISA
➤ RESP, TFSA
➤ MORTGAGE INSURANCE
TEHAL SINGH BRAR
LIVING BENEFITS ADVISOR
+(905)-782-2013
www.royalshieldgroup.com
tehalbrarcanada@gmail.com

| Product | Price | Weight / Qty |
|---|---|---|
| AAPKI PASAND ATTA | $9.99 | 20LB |
| LAYALPUR ATTA BISCUIT | $11.99 | |
| BEST FOOD RUSK | 2 FOR $5 | |
| SHER ATTA | $13.49 | 20LB |
| DAHI MODHANI | $2.49 | 750gm |
| DAHI MODHANI | $9.99 | 2kg |
| RAJDHANI MUSTARD OIL | $19.99 | 5L |
| RAJDHANI MUSTARD OIL | $8.49 | 2L |
| BROWN SUGAR | $9.99 | 11LB |
| WHITE ONION | $17.99 | 50LB |
| RED ONION | $18.99 | 25LB |
| RED ONION | $7.99 | 10LB |
| TOMATO | $0.99 | 1LB |
| GREEN PEPPERS | $0.99 | 1LB |
| INDIA GATE HARROZ RICE | $7.99 | 8LB |
| RED LABEL TEA | $9.99 | 900gm |
| CAPRI VEGET-ABLE OIL | $32.99 | 16L |
| PLASTIC GLASS (7 oz) | $2.99 | 50pcs |
| 6 COMPARTMENT THALI CAN GREEN | $7.99 | 40pcs |
| SPOON/FORK | $13.99 | 1000pcs |
| MAGGI MASALA NOODLES | 3 for $1 | |
| QUALITY BASMATI RICE | $32 | 40LB |
| ULTRA PUEMIUM TOILET ROLL | $6.99 | 12 ROLLS |
| APKI PASAND GOLGAPA | $3.99 | |
| TABLEWARE CUTLERY KIT | $7.99 | |
| WALNUTS HALVES | $3.99 | 1LB |
| AAPKI PASAND COOKIES | $3.99 | 2.2LB |
| COULI FLOWER | $1.99 | |
| BRAR BESAN | $3.99 | 4LB |
| KHUSHBOO RICE | $9.99 | 10LB |
| ORGANIC PEARL RICE | $9.98 | 10LB |
| MODHANI PANEER | $4.99 | 354gm |

OPEN EVERYDAY FROM 9:00 AM TO 9:00 PM

**BRAMPTON CASH & CARRY**
IMPORTER | WHOLESALER | RETAILER

CONTACT:-
**+1 (204) 560-7111**
ADDRESS:- 1315 INKSTER BLVD, WINNIPEG MB